# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :04-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਲੋਕ ਸਭਾ ਦੇ ਸਪੀਕਰ ਓਮ BIRLA ਨੇ ਕਈ ਸੰਸਦੀ ਕਮੇਟੀਆਂ ਦਾ ਪੁਨਰ ਗਠਨ ਕੀਤੈ ਅਤੇ ਨਵੇਂ ਚੇਅਰਪਰਸਨ ਨਿਯੁਕਤ ਕੀਤੇ ਨੇ ।
- ਭਾਰਤ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਚਾਰਜ ਡੀ ਅਫੇਅਰਜ਼ ਨੂੰ ਤਲਬ ਕਰਕੇ ਪਾਕਿਸਤਾਨ ਤੋਂ ਗੈਰ ਕਾਨੂਨੀ ਘੁਸਪੈਠ ਲਈ ਸਖਤ ਵਿਰੋਧ ਜਤਾਇਆ ਏ ।
- ITIs ਨੂੰ ਆਧੁੰਨਿਕ ਅਤੇ ਉਦਯੋਗ ਦੀਆਂ ਜ਼ਰੂਰਤਾਂ ਅਨੁਸਾਰ ਤਿਆਰ ਕਰਨ ਲਈ ਸ਼ੁਰੂ ਕੀਤੀ ਗਈ PM SETU ਯੋਜਨਾ ਨੇ ਅੱਜ 1 ਸਾਲ ਪੂਰਾ ਕਰ ਲਿਆ ਏ ।
- ਯੂਕਰੇਨ ਨੇ ਰੂਸ ਨਾਲ ਜੰਗਬੰਦੀ ਲਈ ਭਾਰਤ ਦੀ ਤਜਵੀਜ਼ ਨੂੰ ਚਾਰ ਤਜਵੀਜਾਂ ਵਿੱਚੋਂ ਸਭ ਤੋਂ ਵਿਆਪਕ ਦੱਸਿਆ ਏ।
- 2026 ਏਸ਼ੀਆਈ ਖੇਡਾਂ ਅੱਜ ਖਤਮ ਹੋ ਰਹੀਆਂ ਨੇ, . ਭਾਰਤ ਕੁੱਲ 85 ਤਮਗੇ ਜਿੱਤ ਕੈ ਚੌਥੇ ਸਥਾਨ 'ਤੇ ਰਿਹਾ ।

## *ਹੁਣ ਖਬਰਾਂ ਵਿਸਥਾਰ ਨਾਲ*

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਈ ਸੰਸਦੀ ਕਮੇਟੀਆਂ ਨੂੰ ਮੁੜ੍ਹ ਗਠਿਤ ਕੀਤਾ ਏ ਅਤੇ ਨਵੇਂ ਚੇਅਰਪਰਸਨ ਨਿਯੁਕਤ ਕੀਤੇ ਨੇ. ਭਾਜਪਾ ਦੇ ਸੰਸਦ ਮੈਂਬਰ ਭਰਤਰੁਹਰੀ ਮਹਿਤਾਬ ਨੂੰ ਫਾਇਨੈਂਸ ਕਮੇਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਏ । ਕਾਂਗਰਸ ਮੈਂਬਰ ਸ਼ਸ਼ੀ ਥਰੂਰ, ਵਿਦੇਸ਼ ਮਾਮਲਿਆਂ ਦੀ ਕਮੇਟੀ ਦੀ ਪ੍ਰਧਾਨਗੀ ਕਰਨਗੇ। BJP ਦੇ ਮੈਂਬਰ ਸੁਧੀਰ ਗੁਪਤਾ ਰੇਲਵੇ ਸੰਬਧੀ ਕਮੇਟੀ ਦੇ ਮੁਖੀ ਹੋਣਗੇ । ਡਾ.ਕਾਕੋਲੀ ਘੋਸ਼ ਦਸਤੀਦਾਰ ਨੂੰ ਰਸਾਇਣ ਅਤੇ ਖਾਦਾਂ ਬਾਰੇ ਕਮੇਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਏ । ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਖੇਤੀਬਾੜੀ, ਪਸ਼ੂ ਪਾਲਣ ਅਤੇ ਫੂਡ ਪ੍ਰੋਸੈਸਿੰਗ ਕਮੇਟੀ ਦੀ ਪ੍ਰਧਾਨਗੀ ਕਰਨਗੇ। BJP ਦੇ ਸੰਸਦ ਮੈਂਬਰ, ਰਾਧਾ ਮੋਹਨ ਸਿੰਘ ਰੱਖਿਆ ਕਮੇਟੀ ਦੀ ਪ੍ਰਧਾਨਗੀ ਕਰਨਗੇ। ਭਾਜਪਾ ਦੇ ਸੰਸਦ ਮੈਂਬਰ ਰਾਜੀਵ ਪ੍ਰਤਾਪ ਰੂਡੀ ਪਾਣੀ ਵਸੀਲਿਆਂ ਬਾਰੇ ਕਮੇਟੀ ਦੀ ਪ੍ਰਧਾਨਗੀ ਕਰਨਗੇ, ਜਦਕਿ ਕਾਂਗਰਸ ਦੇ ਸੰਸਦ ਮੈਂਬਰ ਸਪਤਗਿਰੀ ਉਲਕਾ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਕਮੇਟੀ ਦੀ ਦੇ ਮੁਖੀ ਹੋਣਗੇ । ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੂੰ ਸੰਚਾਰ ਅਤੇ ਸੂਚਨਾ ਤਕਨਾਲੋਜੀ ਕਮੇਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਏ । ਇਨ੍ਹਾਂ ਕਮੇਟੀਆਂ ਦਾ ਕਾਰਜਕਾਲ ਪਿਛਲੇ ਮਹੀਨੇ ਦੀ 26 ਤਰੀਕ ਨੂੰ ਸ਼ੁਰੂ ਹੋਇਆ ਸੀ ।

-----------------------------------------------

ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਕਾਰਜਕਾਰੀ ਚਾਰਜ ਡੀ ਅਫੇਅਰਜ਼ ਨੂੰ ਤਲਬ ਕੀਤਾ ਹੈ। ਭਾਰਤ ਨੇ ਪਾਕਿਸਤਾਨ ਤੋਂ ਚੱਲ ਰਹੀ ਗੈਰ-ਕਾਨੂੰਨੀ ਘੁਸਪੈਠ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਭਾਰਤ ਨੇ ਪੰਜਾਬ ਦੇ ਫਿਰੋਜ਼ਪੁਰ ਸੈਕਟਰ ਵਿੱਚ ਸ਼ੁੱਕਰਵਾਰ ਦੀ ਘਟਨਾ ਸਬੰਧੀ ਪਾਕਿਸਤਾਨ ਦੇ ਦੋਸ਼ਾਂ ਨੂੰ ਵੀ ਬੇਬੁਨਿਆਦ ਕਰਾਰ ਦਿੱਤਾ ਹੈ। ਇੱਕ ਰੀਪੋਰਟ ------DISPATCH

-------------------------------------------------

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਅੱਜ ਹਿੰਦ ਪ੍ਰਸ਼ਾਂਤ  ਕਮਾਂਡ ਦੇ ਮੁਖੀ ਐਡਮਿਰਲ ਸੈਮੂਅਲ ਜੇ. ਪਾਪਾਰੋ ਨਾਲ ਮੁਲਾਕਾਤ ਕੀਤੀ। ਡਾ. ਜੈਸ਼ੰਕਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਮੀਟਿੰਗ ਵਿੱਚ ਹਿੰਦ ਪ੍ਰਸ਼ਾਂਤ  ਖੇਤਰ ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ ਸੁਰੱਖਿਆ ਸਾਂਝੇਦਾਰੀ ਅਤੇ ਸਮੁੰਦਰੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ ਗਈ।

-------------------------------------------------

ਪ੍ਰਧਾਨ ਮੰਤਰੀ ਦੀ Skilling and Employability Transformation through Upgraded ITIs (PM-SETU) ਯੋਜਨਾ ਨੂੰ  ਅੱਜ ਇੱਕ ਸਾਲ ਪੂਰਾ ਹੋ ਰਿਹਾ ਹੈ। ਹੁਨਰ ਵਿਕਾਸ ਅਤੇ

ਉੱਦਮਤਾ ਮੰਤਰਾਲੇ ਦੁਆਰਾ ਸ਼ੁਰੂ ਕੀਤੀ ਗਈ ਇਹ ਯੋਜਨਾ ਪਿਛਲੇ ਸਾਲ 4 ਅਕਤੂਬਰ ਨੂੰ ਸ਼ੁਰੂ ਕੀਤੀ ਹੋਈ ਸੀ। ਇਸਦਾ ਉਦੇਸ਼ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਨੂੰ ਆਧੁਨਿਕ ਬਣਾਉਣਾ ਅਤੇ ਉਨ੍ਹਾਂ ਨੂੰ ਉਦਯੋਗ ਦੀਆਂ ਜ਼ਰੂਰਤਾਂ ਅਨੁਸਾਰ ਤਿਆਰ ਕਰਨਾ ਹੈ। ਇਸ ਯੋਜਨਾ ਦੇ ਤਹਿਤ, ਆਈ.ਟੀ.ਆਈ. ਵਿਖੇ ਸਿਖਲਾਈ ਸਹੂਲਤਾਂ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਨੌਜਵਾਨਾਂ ਨੂੰ ਰੁਜ਼ਗਾਰ ਲਈ ਜ਼ਰੂਰੀ ਵਿਹਾਰਕ ਹੁਨਰ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪੀ.ਐਮ.-ਸੇਟੂ ਯੋਜਨਾ ਲਈ ਕੁੱਲ ₹60,000 ਕਰੋੜ ਤੋਂ ਵੱਧ ਦੀ ਰਾਸ਼ੀ ਅਲਾਟ ਕੀਤੀ ਗਈ ਹੈ। ਆਈ.ਟੀ.ਆਈ. ਵਿੱਚ ਵਿਦਿਆਰਥੀਆਂ ਦੀ ਗਿਣਤੀ ਵੀ 2014-15 ਵਿੱਚ 951,000 ਤੋਂ ਵੱਧ ਕੇ 2025-26 ਵਿੱਚ 1470,000 ਹੋ ਗਈ ਹੈ। ਹੁਣ ਤੱਕ, ਪੀ.ਐਮ.-ਸੇਤੂ ਸਕੀਮ ਅਧੀਨ 850 ਆਈ.ਟੀ.ਆਈ. ਚੁਣੇ ਗਏ ਹਨ।

---------------------------------------------------

**उपराष्ट्रपति-प्रधानमंत्री-श्यामजी वर्मा श्रद्धांजलि**

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਘੁਲਾਟੀਏ ਸ਼ਿਆਮਜੀ ਕ੍ਰਿਸ਼ਨਵਰਮਾ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾਂਜਲੀ ਭੇਟ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਪ ਰਾਸ਼ਟਰਪਤੀ ਨੇ ਕਿਹਾ ਕਿ ਭਾਰਤੀ ਜਨਤਾ ਵਿੱਚ

ਇਨਕਲਾਬੀ ਰਾਸ਼ਟਰਵਾਦ ਦੀ ਭਾਵਨਾ ਨੂੰ ਜਗਾਉਣ ਅਤੇ ਪਾਲਣ-ਪੋਸ਼ਣ ਵਿੱਚ ਸ੍ਰੀ ਕ੍ਰਿਸ਼ਨਵਰਮਾ ਦੇ ਅਣਥੱਕ ਯਤਨ ਦੇਸ਼ ਦੇ ਆਜ਼ਾਦੀ ਸੰਗਰਾਮ ਦਾ ਇੱਕ ਅਨਿੱਖੜਵਾਂ ਅੰਗ ਸਨ। ਸ੍ਰੀ ਰਾਧਾਕ੍ਰਿਸ਼ਨਨ ਨੇ ਇਹ ਵੀ ਕਿਹਾ ਕਿ ਸ੍ਰੀ ਕ੍ਰਿਸ਼ਨਵਰਮਾ ਦਾ ਜੀਵਨ ਅਤੇ  ਕੁਰਬਾਨੀ ਪੀੜ੍ਹੀਆਂ ਨੂੰ ਹਿੰਮਤ ਅਤੇ ਸਮਰਪਣ ਨਾਲ ਰਾਸ਼ਟਰ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸ਼ਿਆਮਜੀ ਕ੍ਰਿਸ਼ਨਵਰਮਾ ਨੇ ਆਪਣਾ ਪੂਰਾ ਜੀਵਨ ਭਾਰਤ ਦੀ ਆਜ਼ਾਦੀ ਲਈ ਸਮਰਪਿਤ ਕਰ ਦਿੱਤਾ ਅਤੇ ਮਾਤ ਭੂਮੀ ਦੀ ਰੱਖਿਆ ਲਈ ਉਨ੍ਹਾਂ ਦੀ ਸਮਰਪਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

----------------------------------------------------

**3 भारत-यूक्रेन युद्धविराम प्रस्ताव 1**

ਯੂਕਰੇਨ ਨੇ ਰੂਸ ਨਾਲ ਜੰਗਬੰਦੀ ਲਈ ਭਾਰਤ ਦੀ ਤਜਵੀਜ਼  ਨੂੰ ਚਾਰ ਤਜਵੀਜਾਂ ਵਿੱਚੋਂ ਸਭ ਤੋਂ ਵਿਆਪਕ ਦੱਸਿਆ ਏ । ਯੂਕਰੇਨ ਦੇ ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਊਰਜਾ ਬੁਨਿਆਦੀ ਢਾਂਚੇ ਅਤੇ ਕਾਲੇ ਸਾਗਰ ਨਾਲ ਸਬੰਧਤ ਜੰਗਬੰਦੀ 'ਤੇ ਵਿਚਾਰ ਕਰਨ ਲਈ ਤਿਆਰ ਹੈ। ਇਹ ਬਿਆਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਇਸ ਬਿਆਨ ਤੋਂ ਇੱਕ ਦਿਨ ਬਾਅਦ ਆਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਕਰਾਅ ਨੂੰ ਖਤਮ ਕਰਨ ਲਈ ਕੁਝ ਰਚਨਾਤਮਕ ਸੁਝਾਅ ਦਿੱਤੇ ਹਨ। ਯੂਕਰੇਨ ਦੇ ਅਨੁਸਾਰ, ਭਾਰਤ ਤੋਂ **3** ਇਲਾਵਾ, ਤੁਰਕੀ, ਮਿਸਰ ਅਤੇ ਸੰਯੁਕਤ ਰਾਜ ਅਮਰੀਕਾ

ਨੇ ਵੀ ਜੰਗਬੰਦੀ ਪ੍ਰਸਤਾਵ ਦਿੱਤੇ ਹਨ। ਯੂਕਰੇਨ ਦਾ ਕਹਿਣਾ ਹੈ ਕਿ ਸਮਝੌਤੇ ਵਿੱਚ ਲੜਾਈ ਦੇ ਨਾਲ-ਨਾਲ ਊਰਜਾ ਅਤੇ ਬੰਦਰਗਾਹਾਂ 'ਤੇ ਹਮਲੇ ਅਤੇ ਕਾਲੇ ਸਾਗਰ ਵਿੱਚ ਗਤੀਵਿਧੀਆਂ ਨੂੰ ਰੋਕਣਾ ਸ਼ਾਮਲ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ, ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਰੂਸ ਟਕਰਾਅ ਨੂੰ ਹੱਲ ਕਰਨ ਲਈ ਭਾਰਤ ਦੇ ਯਤਨਾਂ ਦਾ ਸਵਾਗਤ ਕਰੇਗਾ। ਇਹ ਪ੍ਰਸਤਾਵ ਅਜਿਹੇ ਸਮੇਂ ਆਇਆ ਹੈ ਜਦੋਂ ਰੂਸ ਨੇ ਯੂਕਰੇਨ ਵਿੱਚ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ ਅਤੇ ਜੰਗਬੰਦੀ ਪ੍ਰਾਪਤ ਕਰਨ ਲਈ ਕੂਟਨੀਤਕ ਯਤਨ ਜਾਰੀ ਹਨ।

---------------------------------------------------------------

**ਯੁੱਧ ਨਸ਼ਿਆ ਵਿਰੁੱਧ**

ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਵਿੱਚ 10 ਹਜ਼ਾਰ ਨਵੀਆਂ ਅਸਾਮੀਆ ਭਰਨ ਦਾ ਐਲਾਨ ਕੀਤਾ ਏ। ਉਨ੍ਹਾਂ ਕਿਹਾ ਕਿ ਪੰਜਾਬ 'ਯੁੱਧ ਨਸ਼ਿਆਂ ਵਿਰੁੱਧ' ਦੇ ਅੰਤਿਮ ਅਤੇ ਫ਼ੈਸਲਾਕੁੰਨ ਪੜਾਅ 'ਤੇ ਜੰਗ ਲੜ ਰਿਹਾ ਏ। ਆਪਣੀ ਤਰ੍ਹਾਂ ਦੀ ਪਹਿਲੀ 'ਐਸ.ਐਚ.ਓਜ਼. ਮਿਲਣੀ' ਦੌਰਾਨ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਨਮਾਨਿਤ ਕਰਨ ਲਈ ਕਰਵਾਏ ਸਮਾਗਮ ਦੌਰਾਨ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੁਲਿਸ ਨੂੰ ਨਸ਼ਿਆਂ ਖ਼ਿਲਾਫ਼ ਹਰ ਜਾਇਜ਼ ਕਾਰਵਾਈ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਏ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਪਿੰਡਾਂ ਤੇ ਕਸਬਿਆਂ ਵਿੱਚ ਜਾਣ, ਲੋਕਾਂ ਨੂੰ ਨਾਲ ਲੈਣ ਅਤੇ ਇਸ ਲਾਹਨਤ 'ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਹੁਣ

ਪੂਰੇ ਪੰਜਾਬ ਵਿੱਚ ਲੋਕ ਲਹਿਰ ਬਣ ਚੁੱਕਾ ਹੈ, ਜਦਕਿ ਪੁਲਿਸ ਫੋਰਸ ਨੂੰ ਜਲਦ ਹੀ 450 ਏ.ਐਸ.ਆਈ. ਅਤੇ 3,400 ਪੁਲਿਸ ਜਵਾਨ ਮਿਲਣਗੇ।

---------------------------------------------------------------------

**23- दिल्ली पुलिस- पत्रकार शिकायत**

ਦਿੱਲੀ ਪੁਲਿਸ ਨੇ ਤਿੰਨ ਮਹਿਲਾ ਪੱਤਰਕਾਰਾਂ ਵੱਲੋਂ ਪੁਲਿਸ ਮੁਲਾਜ਼ਮਾਂ 'ਤੇ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਇਲਜ਼ਾਮਾ ਦੀ ਜਾਂਚ ਅਪਰਾਧ ਸ਼ਾਖਾ ਨੂੰ ਸੌਂਪ ਦਿੱਤੀ ਹੈ। ਦੋਸ਼ ਹਨ ਕਿ ਇਹ ਘਟਨਾਵਾਂ ਕੱਲ੍ਹ ਨਵੀਂ ਦਿੱਲੀ ਇਲਾਕੇ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਵਾਪਰੀਆਂ ਜਦੋਂ ਪੁਲਿਸ ਮੁਲਾਜ਼ਮਾਂ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਤਾਇਨਾਤ ਸਨ।

---------------------------------------------------------------------

**12 सेखों इंडियन एयर फोर्स मैराथन 1**

ਭਾਰਤੀ ਹਵਾਈ ਫੋਜ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਨੇ ਅੱਜ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਖੇ ਦੂਜੀ ਸੇਖੋਂ ਇੰਡੀਅਨ ਏਅਰ ਫੋਰਸ ਮੈਰਾਥਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਮੈਰਾਥਨ ਭਾਰਤੀ ਹਵਾਈ ਫੋਜ ਦੇ ਪਰਮ ਵੀਰ ਚੱਕਰ ਪੁਰਸਕਾਰ ਜੇਤੂ ਫਲਾਇੰਗ ਅਫਸਰ ਨਿਰਮਲ ਜੀਤ ਸਿੰਘ ਸੇਖੋਂ ਦੀ ਯਾਦ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। ਇਸ ਮੈਰਾਥਨ ਦਾ ਉਦੇਸ਼ ਲੋਕਾਂ ਨੂੰ ਤੰਦਰੁਸਤੀ, ਹਿੰਮਤ ਅਤੇ ਰਾਸ਼ਟਰੀ ਏਕਤਾ ਲਈ ਪ੍ਰੇਰਿਤ

ਕਰਨਾ ਹੈ। ਇਸ ਵਿੱਚ 21 ਕਿਲੋਮੀਟਰ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੀਆਂ ਦੌੜਾਂ ਸ਼ਾਮਲ ਹੋਣਗੀਆਂ। ਫਲਾਇੰਗ ਅਫਸਰ ਨਿਰਮਲ ਜੀਤ ਸਿੰਘ ਸੇਖੋਂ ਨੂੰ 1971 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਬਹਾਦਰੀ ਅਤੇ ਕੁਰਬਾਨੀ ਲਈ ਅੱਜ ਵੀ ਯਾਦ ਕੀਤਾ ਜਾਂਦਾ ਏ ।

---------------------------------------------------------------

ASIAN GAMES

2026 ਏਸ਼ੀਆਈ ਖੇਡਾਂ ਅੱਜ ਖਤਮ ਹੋ ਰਹੀਆਂ ਨੇ. ਸਮਾਪਤੀ ਸਮਾਰੋਹ ਜਾਪਾਨ ਦੇ ਨਾਗੋਆ ਸ਼ਹਿਰ ਦੇ ਮਿਜ਼ੂਹੋ ਪਾਰਕ ਐਥਲੈਟਿਕ ਸਟੇਡੀਅਮ ਵਿੱਚ ਹੋਵੇਗਾ। ਭਾਰਤ ਨੇ ਇਸ ਸਾਲ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ, ਕੁੱਲ 85 ਤਮਗੇ ਜਿੱਤੇ। ਇਨ੍ਹਾਂ ਵਿੱਚ ਸੋਨੇ ਦੇ 21, 27 ਚਾਂਦੀ ਦੇ ਅਤੇ 37 ਕਾਂਸੀ ਦੇ ਤਮਗੇ ਸ਼ਾਮਿਲ ਨੇ. ਭਾਰਤ ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਰਿਹਾ। ਔਰਤ ਨਿਸ਼ਾਨੇਬਾਜ਼ ਨੀਰੂ ਢਾਂਡਾ ਸਮਾਪਤੀ ਸਮਾਰੋਹ ਵਿੱਚ ਭਾਰਤ ਦੇ ਝੰਡਾ ਬਰਦਾਰ ਹੋਣਗੇ. ਉਹ ਤਿਰੰਗਾ ਲੈ ਕੇ ਭਾਰਤੀ ਦਲ ਦੀ ਅਗਵਾਈ ਕਰਨਗੇ. । ਸਮਾਪਤੀ ਸਮਹਾਰੋਂ , ਭਾਰਤੀ ਸਮੇ ਅਨੁਸਾਰ , ਦੁਪਹਿਰ ਬਾਅਦ ਢਾਈ ਵਜੇ ਸ਼ੁਰੂ ਹੋਵੇ ਗਾ ।

---------------------------------------------------------------

**18- पीएम-एशियाई खेल शुभकामना**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਨੰਤ ਪੰਘਾਲ ਨੂੰ ਏਸ਼ੀਆਈ

ਖੇਡਾਂ ਵਿੱਚ 53 ਕਿਲੋਗ੍ਰਾਮ ਮਹਿਲਾ ਫ੍ਰੀਸਟਾਈਲ ਕੁਸ਼ਤੀ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਣ 'ਤੇ ਵਧਾਈ ਦਿੱਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਨ੍ਹਾਂ ਕਿਹਾ ਕਿ ਪੰਘਾਲ ਦੀ ਪ੍ਰਾਪਤੀ ਹੋਰ ਖਿਡਾਰੀਆਂ ਨੂੰ ਪ੍ਰੇਰਿਤ ਕਰੇਗੀ। ਪ੍ਰਧਾਨ ਮੰਤਰੀ ਨੇ ਅਦਿਤੀ ਅਸ਼ੋਕ, ਪ੍ਰਣਵੀ ਸ਼ਰਤ ਉਰਸ ਅਤੇ ਦੀਕਸ਼ਾ ਡਾਗਰ ਵਾਲੀ ਮਹਿਲਾ ਗੋਲਫ ਟੀਮ ਵੀ ਚਾਂਦੀ ਦਾ ਤਗਮਾ ਜਿੱਤਣ 'ਤੇ ਵਧਾਈ ਦਿੱਤੀ।

---------------------------------------------------------------

## 25. प्रतिक्रिया - एशियाई खेल 1

ਜਪਾਨ ਏਸ਼ਿਆਈ ਖੇਡਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਤੋਂ ਬਾਅਦ ਭਾਰਤੀ ਮੁੱਕੇਬਾਜ਼ੀ ਦਲ ਨਵੀਂ ਦਿੱਲੀ ਪਰਤ ਆਇਆ ਏ । ਔਰਤਾਂ ਦੇ 75 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਮਗਾ ਜੇਤੂ ਲਵਲੀਨਾ ਬੋਰਗੋਹੇਨ ਨੇ ਕਿਹਾ ਕਿ ਆਪਣੀਆਂ ਦੂਜੀਆਂ ਏਸ਼ੀਅਨ ਖੇਡਾਂ ਵਿੱਚ ਹਿੱਸਾ ਲੈਣ ਨਾਲ ਉਸਨੂੰ ਪਿਛਲੀਆਂ ਏਸ਼ੀਅਨ ਖੇਡਾਂ ਦੇ ਚਾਂਦੀ ਦੇ ਤਮਗੇ ਨੂੰ ਸੋਨੇ ਵਿੱਚ ਬਦਲਣ ਦਾ ਮੌਕਾ ਮਿਲਿਆ। ਪੁਰਸ਼ਾਂ ਦੇ 80 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਮਗਾ ਜੇਤੂ ਅੰਕੁਸ਼ ਪੰਘਾਲ ਨੇ ਕਿਹਾ ਕਿ ਉਸਦਾ ਧਿਆਨ ਹੁਣ ਓਲੰਪਿਕ 'ਤੇ ਹੈ। ਔਰਤਾਂ ਦੇ 65 ਕਿਲੋਗ੍ਰਾਮ ਵਰਗ ਵਿੱਚ ਸੋਨੇ ਦਾ ਤਮਗਾ ਜੇਤੂ ਪਰਵੀਨ ਹੁੱਡਾ ਨੇ ਟੀਮ ਦੀ ਜਿੱਤ ਦਾ ਸਿਹਰਾ ਸਮੂਹਿਕ ਸਖ਼ਤ ਮਿਹਨਤ, ਸੰਸਥਾਗਤ ਸਮਰਥਨ, ਖਿਡਾਰੀਆਂ ਦੇ ਅਣਥੱਕ ਸਮਰਪਣ, ਕੋਚਿੰਗ ਸਟਾਫ ਦੇ ਰਣਨੀਤਕ ਮਾਰਗਦਰਸ਼ਨ

ਅਤੇ ਭਾਰਤੀ ਖੇਡ ਅਥਾਰਟੀ ਦੇ ਸਮਰਥਨ ਨੂੰ ਦਿੱਤਾ।

---

- ਲੋਕ ਸਭਾ ਦੇ  ਸਪੀਕਰ ਓਮ BIRLA ਨੇ ਕਈ ਸੰਸਦੀ ਕਮੇਟੀਆਂ ਦਾ  ਪੁਨਰ ਗਠਨ ਕੀਤੈ ਅਤੇ ਨਵੇਂ ਚੇਅਰਪਰਸਨ ਨਿਯੁਕਤ ਕੀਤੇ ਨੇ ।
- ਭਾਰਤ ਨੇ ਪਾਕਿਸਤਾਨ ਹਾਈ ਕਮਿਸ਼ਨ ਦੇ ਚਾਰਜ ਡੀ ਅਫੇਅਰਜ਼ ਨੂੰ ਤਲਬ ਕਰਕੇ  ਪਾਕਿਸਤਾਨ ਤੋਂ  ਗੈਰ ਕਾਨੂਨੀ  ਘੁਸਪੈਠ ਲਈ ਸਖਤ ਵਿਰੋਧ ਜਤਾਇਆ ਏ ।
- ITIs ਨੂੰ ਆਧੁੰਨਿਕ ਅਤੇ ਉਦਯੋਗ ਦੀਆਂ ਜ਼ਰੂਰਤਾਂ   ਅਨੁਸਾਰ ਤਿਆਰ  ਕਰਨ ਲਈ ਸ਼ੁਰੂ ਕੀਤੀ ਗਈ PM SETU ਯੋਜਨਾ ਨੇ ਅੱਜ 1 ਸਾਲ ਪੂਰਾ ਕਰ ਲਿਆ ਏ ।
- ਯੂਕਰੇਨ ਨੇ ਰੂਸ ਨਾਲ ਜੰਗਬੰਦੀ ਲਈ ਭਾਰਤ ਦੀ ਤਜਵੀਜ਼  ਨੂੰ ਚਾਰ ਤਜਵੀਜਾਂ ਵਿੱਚੋਂ ਸਭ ਤੋਂ ਵਿਆਪਕ ਦੱਸਿਆ ਏ।
- 2026 ਏਸ਼ੀਆਈ ਖੇਡਾਂ ਅੱਜ ਖਤਮ ਹੋ ਰਹੀਆਂ ਨੇ, .  ਭਾਰਤ ਕੁੱਲ 85 ਤਮਗੇ  ਜਿੱਤ ਕੈ ਚੌਥੇ ਸਥਾਨ 'ਤੇ ਰਿਹਾ ।